ਛੇਵੀਂ ਸ਼੍ਰੇਣੀ

ਜਿਉਮੈਟਰੀਕਲ ਡਰਾਇੰਗ ਅਤੇ ਚਿੱਤਰਕਲਾ

(ਭਾਗ – 1) ਡਰਾਇੰਗ

(ੳ) ਜਿਉਮੈਟਰੀਕਲ ਡਰਾਇੰਗ (ਜ਼ਰੂਰੀ)

ਡਰਾਇੰਗ ਵਿੱਚ ਵਰਤੇ ਜਾਣ ਵਾਲੇ ਜੰਤਰਾਂ ਦੀ ਜਾਣ ਪਛਾਣ ਅਤੇ ਵਰਤੋਂ ਦੇ ਢੰਗ।

1. ਰੇਖਾਵਾਂ ਅਤੇ ਰੇਖਾਵਾਂ ਦੀਆਂ ਕਿਸਮਾਂ ਅਤੇ ਇਨ੍ਹਾਂ ਤੇ ਅਧਾਰਿਤ ਪ੍ਰਸ਼ਨ।
2. ਕੋਣ ਅਤੇ ਕੋਣਾਂ ਦੀਆਂ ਕਿਸਮਾਂ ਅਤੇ ਉਹਨਾਂ ਤੇ ਅਧਾਰਿਤ ਪ੍ਰਸ਼ਨ ।

(ਭਾਗ – 2) ਚਿੱਤਰਕਲਾ

(ਅ) ਮਾਡਲ ਡਰਾਇੰਗ (Model Drawing) (ਵਸਤੂ ਚਿਤਰਣ) (ਜ਼ਰੂਰੀ)

ਹੇਠ ਲਿਖੀਆਂ ਆਇਤਾਕਾਰ ਵਸਤੂਆਂ ਦੇ ਚਿੱਤਰ ਬਣਾਉਣੇ :

ਸਲੇਟ, ਪੁਸਤਕ ,ਇਮਤਿਹਾਨੀ ਗੱਤਾ ,ਲਿਫ਼ਾਫਾ ,ਪਤੰਗ ਆਦਿ।

ਹੇਠ ਲਿਖੀਆਂ ਗੋਲਾਕਾਰ ਵਸਤੂਆਂ ਦੇ ਚਿੱਤਰ ਬਣਾਉਣੇ-

ਗਲਾਸ, ਜੱਗ, ਪਿਆਲੀ ,ਪਲੇਟ ਅਤੇ ਗਮਲਾ।

ਹੇਠ ਲਿਖੇ ਸਾਧਾਰਣ ਫਲਾਂ ਤੇ ਸਬਜ਼ੀਆਂ ਦੇ ਚਿੱਤਰ ਬਣਾਉਣੇ-

ਸੇਬ, ਅੰਬ, ਬੈਂਗਣ, ਸ਼ਲਗਮ, ਗਾਜਰ, ਖਰਬੂਜਾ, ਕੇਲਾ ਆਦਿ।

ਉਪਰੋਕਤ ਆਇਤਾਕਾਰ , ਗੋਲਾਕਾਰ ਅਤੇ ਸਧਾਰਨ ਫਲ ਸਬਜ਼ੀਆਂ ਵਿੱਚੋਂ ਕੋਈ ਦੋ ਵਸਤੂਆਂ ਨੂੰ ਇਕਠਿਆਂ ਰੱਖਕੇ ਚਿੱਤਰਨਾਂ ਜਿਨ੍ਹਾਂ ਵਿੱਚੋਂ ਇੱਕ ਆਇਤਾਕਾਰ ਜ਼ਰੂਰ ਹੋਵੇ ਅਤੇ ਦੂਸਰੀ ਕੋਈ ਇੰਕ ਗੋਲਾਕਾਰ ਵਸਤੂ, ਫਲ ਜਾਂ ਸਬਜ਼ੀ ਹੋਵੇ।

ਪ੍ਰਕਾਸ਼ ਅਤੇ ਛਾਂ ਦੇ ਸਿਧਾਂਤ ਨੂੰ ਮੁੱਖ ਰੱਖਦੇ ਹੋਏ ਕਾਲੀ ਪੈਨਸਲ, ਰੰਗਦਾਰ ਪੈਨਸਲ ਜਾਂ ਪੇਸਟਲ ਰੰਗਾਂ ਦਾ ਪ੍ਰਯੋਗ ਕਰੋ।

(ੲ) ਕਲਪਨਾਮਈ ਚਿੱਤਰਕਲਾ (Imaginative Drawing)

1. (i) ਫਰੀਹੈਂਡ ਸਕੈਚਿੰਗ /ਚਾਰਕੋਲ, ਪੈਨਸਲ, ਕਰੇਓਨ ਪੇਸਟਲ(Crayon Pastel) , ਬੁਰਸ਼ ਰੰਗਾਂ ਦੁਆਰਾ ਆਕਾਰਾਂ ਦੇ ਕਲਪਨਾਮਈ ਸਕੈਚ ਤਿਆਰ ਕਰਨੇ।

   (ii) ਬੱਚੇ ਦਾ ਸੁਤੰਤਰ ਸਵੈ ਪ੍ਰਗਟਾਵਾ (Freehand self expression) ਨਿਤਾਪ੍ਰਤੀ ਦੇ ਜੀਵਨ ਵਿੱਚ ਵਾਪਰਦੀਆਂ ਘਟਨਾਵਾਂ, ਦ੍ਰਿਸ਼ਾਂ ਦੀ ਚਿੱਤਕਾਰੀ ਜਿਵੇਂ ਧਰਤੀ ਦ੍ਰਿਸ਼, ਧਾਰਮਿਕ ਸਥਾਨ। (ਗੁਰਦੁਆਰਾ, ਮੰਦਰ ਆਦਿ)।

   (iii) ਸਾਧਾਰਨ ਚਿੱਤਰ-ਰੇਲ ਗੱਡੀ, ਛਕੜਾ, ਗੱਡਾ ਆਦਿ।

ਨੋਟ: ਕਲਪਨਾਮਈ ਚਿਤਰਾਂ ਵਿੱਚ ਸ਼ੁੱਧਤਾ ਤੇ ਅਨੁਪਾਤ ਤੇ ਜ਼ੋਰ ਨਾ ਦਿੱਤਾ ਜਾਵੇ । ਕਲਪਨਾਮਈ ਚਿੱਤਰਾਂ ਵਿਚਲੇ ਕੰਮ ਦੀ ਪੂਰਤੀ ਪੇਸਟਲ ਜਾਂ ਪਾਣੀ ਦੇ ਰੰਗ ਦੁਆਰਾ ਕੀਤੀ ਜਾਵੇ।

2. ਅਕਾਰੀ ਰੇਖਾ ਚਿੱਤਰ (Figure Drawing)

i. ਤੀਲੀ ਰੇਖਾਵਾਂ (Stick figure Drawing) ਦੁਆਰਾ ਮਨੁੱਖੀ ਚਿੱਤਰ ਤਿਆਰ ਕਰਨੇ।

ii. ਸਮਾਨੀ ਰੇਖਾਵਾਂ ਨਾਲ ਰੇਖਾ ਵਿਧੀ ਦੁਆਰਾ ਆਮ ਜਾਣੇ ਪਛਾਣੇ ਹੇਠ ਲਿਖੇ ਤਿੰਨ ਪੰਛੀਆਂ ਦੇ ਵੱਖ-ਵੱਖ ਸਥਿਤੀਆਂ ਵਿੱਚ ਚਿੱਤਰ ਬਣਾਉਣੇ ।

1. ਕਾਂ 2. ਤੋਤਾ 3. ਬੱਤਖ

iii. ਕਾਰਟੂਨ ਡਰਾਇੰਗ (ਹਾਸਰਸ/ਵਿਅੰਗ ਤੇ ਅਧਾਰਤ ਮਨੁੱਖੀ, ਜਾਨਵਰ ਅਤੇ ਪੰਛੀਆਂ ਦੇ ਕਾਰਟੂਨ ਚਿੱਤਰ ਤਿਆਰ ਕਰਨੇ)

3. ਅੱਖਰ ਲਿਖਣ ਕਲਾ ਅਤੇ ਪੋਸਟਰ ਡਿਜ਼ਾਈਨਿੰਗ (Lettering & Poster Designing)

ਕਲਮ ਅਤੇ ਬੁਰਸ਼ ਦੁਆਰਾ ਕਾਲੀ ਸਿਆਹੀ ਵਿੱਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਸਾਧਾਰਨ ਸੰਦੇਸ਼ (Mottoe's) ਮੋਟੇ ਅੱਖਰਾਂ ਵਿੱਚ ਲਿਖਣੇ ਜਿਹੜੇ ਕਿ ਦੋ ਸ਼ਬਦਾਂ ਵਿੱਚ ਹੋਣ। ਸ਼ਬਦ ਤੋਂ ਸ਼ਬਦ ਅਤੇ ਸਤਰ ਤੋਂ ਸਤਰ ਵਿੱਚ ਰੱਖੇ ਜਾਣ ਵਾਲੇ ਆਪਸੀ ਫਾਸਲੇ ਦੇ ਸਿਧਾਂਤ ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ । ਦੁੱਧ ਪੀਓ ਦਾ ਪੋਸਟਰ ਬਣਾਉਣਾ।

4. ਡਿਜ਼ਾਇਨ (Design)

i. ਡਿਜ਼ਾਇਨ ਅਤੇ ਰੰਗ ਯੋਜਨਾ (Colour Scheme) ਸਿੱਧੀਆਂ ਅਤੇ ਗੋਲ ਰੇਖਾਵਾਂ ਦੁਆਰਾ ਇਕਾਈ (Unit) ਬਣਾਉਣ, ਬਾਰੇ ਸਿਧਾਂਤ ਦੀ ਜਾਣਕਾਰੀ, ਨਮੂਨਿਆਂ ਵਿੱਚ ਰੰਗਾਂ ਨੂੰ ਫਬਾਉਣ ਬਾਰੇ ਗਿਆਨ।

ii. ਸਟੈਨਸਲਿੰਗ(Stencilling) :-ਫੁੱਲਾਂ ਤੇ ਪੱਤੀਆਂ ਦੇ ਸਟੈਂਸਲ ਕੱਟਣੇ।

iii. ਕੋਲਾਜ ਦੀ ਰਚਨਾ : ਰੰਗਦਾਰ ਕਾਗਜ ਨੂੰ ਕੱਟ, ਜੋੜ ਕੇ ਚਿੱਤਰ ਤਿਆਰ ਕਰਨੇ।